# ਯਿਸੂ ਮੌਤ ਤੋਂ ਈਸਟਰ ਵਾਲੇ ਐਤਵਾਰ ਜੀਅ ਉੱਠੀਆ

# ਅਤੇ ਸਦਾ ਤੀਕ ਰਹਿੰਦਾ ਹੈ

ਇੰਨ੍ਹਾਂ ਬੱਚਿਆਂ ਦੇ ਸਿਖਾਉਣ ਵਾਲੀਆਂ ਚੀਜਾਂ ਵਿੱਚੋਂ ਕੋਈ ਵੀ ਚੁਣ ਲਉ

ਬੱਚੇ ਇਸ ਤਸਵੀਰ ਦੀ ਨਕਲ ਕਰਨ ਜਾ ਇਸ ਤਸਵੀਰ ਵਿੱਚ ਰੰਗ ਭਰਨ



ਹੁਣ ਅਧਿਆਪਕ ਜਾਂ ਕੋਈ ਵੱਡਾ ਬੱਚਾ ਪੜ੍ਹੇ ਜਾ ਯਿਸੂ ਦੀ ਮੌਤ ਤੋਂ ਜਿਅ ਉੱਠਣ ਦੀ ਕਹਾਣੀ ਦੱਸਣ, ਮਰਕੁੱਸ 15:1–16:8 ਇਹ ਦੱਸਦੀ ਹੈ ਕਿ ਯਿਸੂ ਮਰ ਗਿਆ, ਉਹਨੂੰ ਦਫਨਾ ਦਿੱਤਾ ਗਿਆ ਅਤੇ ਉਹ ਤੀਜੇ ਦਿਨ ਬਾਦ ਜੀਅ ਉਠਿਆ।

ਇਹ ਕਹਾਣੀ ਦੱਸਣ ਤੋਂ ਬਾਦ, ਇਨ੍ਹਾਂ ਪ੍ਰਸ਼ਨਾ ਨੂੰ ਆਖੋ, ਉੱਤਰ ਹਰੇਕ ਪ੍ਰਸ਼ਨ ਦੇ ਬਾਦ ਦਿੱਤਾ ਗਿਆ ਹੈ।

ਸਾਡੇ ਵਾਸਤੇ ਯਿਸੂ ਨੇ ਕੀ ਕੀਤਾ, ਜਦੋਂ ਉਹ ਮਰ ਗਿਆ ਅਤੇ ਉਹ ਫਿਰ ਜਿਅ ਉੱਠਿਆ? (ਯਿਸੂ ਦਾ ਲਹੂ ਸਾਡੇ ਪਾਪਾਂ ਨੂੰ ਢੱਕ ਦਿੰਦਾ ਹੈ ਅਤੇ ਉਹਦਾ ਪੁਨਰ ਜੀਵਨ ਹੁੰਦਾ ਹੈ, ਉਨ੍ਹਾਂ ਨੂੰ ਜਿਹੜੇ ਉਹਦੇ ਉੱਤੇ ਵਿਸ਼ਵਾਸ ਕਰਦੇ ਹਨ।)

ਪਿਲਾਤੁਸ ਨੇ ਯਿਸੂ ਨੂੰ ਕਿਉ ਕਿਹਾ ਸੀ? *(ਯਹੂਦਿਆ ਦਾ ਰਾਜਾ, ਮਰਕੁੱਸ 15:2)*

ਸਿਪਾਹੀਆਂ ਨੇ ਯਿਸੂ ਨਾਲ ਕਿਹੋ ਜਿਹਾ ਸਲੂਕ ਕੀਤਾ ਸੀ? *(ਯਹੂਦਿਆ ਦਾ ਰਾਜਾ, ਮਰਕੁਸ 15:17–19)*

ਉਨ੍ਹਾਂ ਦੇ ਉਹਦੇ ਸਿਰ ਉੱਤੇ ਕੀ ਲਿਖ ਕੇ, ਕਿਹੜਾ ਨਿਸ਼ਾਨ ਲਾਇਆ? *(ਮਰਕੁਸ 15:26)*

ਯਿਸੂ ਮਰਨ ਤੋਂ ਪਹਿਲਾ ਕਿਉ ਚੀਕਿਆ? *(ਮਰਕੁਸ 15:34)*

ਅਰਿਮਥੈਆ ਦੇ ਯੂਸਫ ਨੇ ਕੀ ਕੀਤਾ? *(ਮਰਕੁਸ 15:43–46)*

ਉਹ ਕਿਹੜੀ ਜਗ੍ਹਾ ਸੀ ਜਿਹਦੇ ਉੱਤੇ ਕਬਰ ਖੋਲੀ ਗਈ? *(ਮਰਕੁਸ 15:46)*

ਕੌਣ ਕਬਰ ਤੇ ਗਿਆ ਅਤੇ ਉਹਨੂੰ ਖਾਲੀ ਪਾਇਆ ਸੀ? *(ਮਰਕੁਸ 16:1)*

ਈਸਟਰ ਦੀ ਕਹਾਣੀ ਦੇ ਹਿੱਸਿਆਂ ਦਾ ਨਾਟਕ ਤਿਆਰ ਕਰੋ

ਕਲੀਸੀਆ ਦੇ ਮੁੱਖੀਆਂ ਨਾਲ ਤਿਆਰੀ ਕਰੋ ਕਿ ਬੱਚੇ ਇਹ ਨਾਟਕ ਅਰਾਧਨਾ ਦੇ ਦੌਰਾਨ ਪੇਸ਼ ਕਰਨ।

ਆਪਣੇ ਸਮੇਂ ਨੂੰ ਬੱਚਿਆ ਨੂੰ ਅਭਿਆਸ ਕਰਾਉਣ ਵਿੱਚ ਲਾਉ।

ਤੁਸੀ ਕੁਝ ਹਿੱਸਿਆ ਨੂੰ ਛੱਡ ਦਿਉ; ਜਾ ਵਚਨ ਵਿੱਚ ਕੁਝ ਹੋਰ ਆਇਤਾਂ ਮਿਲਾ ਲਉ।

ਵੱਡੇ ਬੱਚੇ ਛੋਟਿਆਂ ਨੂੰ ਤਿਆਰੀ ਕਰਾਣ ਵਿੱਚ ਮੱਦਦ ਕਰਾਉਣ।

ਵੱਡੇ ਬੱਚੇ ਜਾ ਬਾਲਿਗਾ ਇਨਾ ਹਿੱਸਿਆ ਨੂੰ ਕਰਣ।

**ਵਾਚਕ, ਕਹਾਣੀ ਦੱਸੇ, ਬੱਚਿਆਂ ਦੀ ਮੱਦਦ ਕਰੇ ਕਿ ਉਨਾ ਨੇ ਕੀ ਕਹਿਣਾ ਹੈ।**

**ਸਿਪਾਹੀ–** ਚੀਜਾਂ ਨੂੰ ਜਾਹਰ ਕਰਨ ਵਾਸਤੇ ਪ੍ਰਬੰਧ ਕਰੋ, ਇੱਕ ਰੋੜਾ, ਕੰਡਿਆ ਦਾ ਤਾਜ ਅਤੇ ਚੋਗਾ

**ਜਾਜਕ,**

**ਯਿਸ਼ੂ,**

**ਪਿਲਾਤੂਸ,**

**ਯੂਸਫ** ਇੱਕ ਕਪੜਾ ਤਿਆਰ ਕਰੇ।

**ਛੋਟਿਆਂ ਬੱਚਿਆਂ ਨੂੰ ਇਹ ਹਿੱਸੇ ਕਰਨ ਵਾਸਤੇ ਦਿਉ।**

**ਔਰਤ–** ਇੱਕ ਇਤਰ ਦੀ ਬੋਤਲ ਪੇਸ਼ ਕਰਨ ਦਾ ਪ੍ਰਬੰਧ ਕਰੋ। ਭੀੜ, ਫਰਿਸ਼ਤੇ

ਇਸਟਰ ਦੇ ਨਾਟਕ ਨੂੰ ਤਿੰਨ ਹਿੱਸਿਆ ਵਿੱਚ ਪੇਸ਼ ਕਰੋ:

**ਪਹਿਲਾ ਹਿੱਸਾ (ਮਰਕੁੱਸ 15:1–20)**

**ਵਾਚਕ–** ਮਰਕੁੱਸ 15:1–20 ਵਿੱਚੋ ਪੜ੍ਹੇ ਜਾਂ ਯਾਦ ਕਰਕੇ ਦੱਸੇ, ਤੇ ਫਿਰ ਘੋਸ਼ਨਾ ਕਰੇ, ''ਸੁਣੋ ਜਾਜਕ ਕੀ ਆਖਦੇ ਨੇ ?''

**ਜਾਜਕ** ''ਸ੍ਰੀਮਾਨ, ਇਸ ਆਦਮੀ ਨੇ ਕਾਨੂੰਨ ਨੂੰ ਤੋੜਿਆ ਹੈ। ਇਹ ਮਰਨ ਦੇ ਕਾਬਲ ਹੈ।''

**ਪਿਲਾਤੁਸ** ''ਯਿਸ਼ੂ ਕੀ ਤੂੰ ਯਹੂੰਦੀਆਂ ਦਾ ਰਾਜਾ ਹੈ?''

**ਯੀਸ਼ੂ**: ''ਮੈ ਹਾਂ''

**ਪਿਲਾਤੁਸ**: ਹੈਰਾਨੀ ਨਾਲ ਵੇਖੇ, ਫਿਰ ਆਖੇ, ''ਮੈ ਇਸ ਆਦਮੀ ਵਿੱਚ ਕੁਝ ਵੀ ਗਲਤ ਨਹੀ ਪਾਇਆ, ਲੋਕੋ, ਕੀ ਤੁਸੀਂ ਚਾਹੁੰਦੇ ਹੋ ਕਿ ਮੈ ਉਹ ਨੂੰ ਛੱਡ ਦਿਆ?''

**ਭੀੜ,** ਗੁੱਸੇ ਨਾਲ ਚੀਕਣ ''ਬਰੱਬਾਸ ਨੂੰ ਛੱਡ ਕੇ। ਯਿਸ਼ੂ ਨੂੰ ਸਲੀਬ।''

**ਪਿਲਾਤੁਸ**: ''ਸਿਪਾਹੀਉ, ਇਹਨੂੰ ਲੈ ਜਾਉ ਅਤੇ ਸਲੀਬ ਉੱਤੇ ਛੱਡ ਦਿਉ।

**ਸਿਪਾਹੀ** : ਯਿਸ਼ੂ ਨੂੰ ਕੋੜੇ ਮਾਰਨ ਦਾ ਦਿਖਾਵਾ ਕਰਨ, ਇਕ ਚੋਗਾ ਪਾਉਣ ਅਤੇ ਇਕ ਕੰਡਿਆਂ ਦਾ ਤਾਜ ਉਸ ਦੇ ਸਿਰ ਉਤੇ ਰੱਖਾ ਕੇ ਆਖਣ, ਯਹੁਦੀਆਂ ਦੇ ਰਾਜਾ, ਇਹ ਤੇਰਾ ਤਾਜ ਹੈ, ਇਥੇ ਤੇਰਾ ਚੋਗਾ ਹੈ, ਇਥੇਤੇਰੀ ਸਲੀਬ ਹੈ, ਇਹਨੂੰ ਚੁੱਕੋ।

**ਦੂਜਾ ਹਿੱਸਾ (ਮਰਕੁੱਸ 15:22–47)**

**ਵਾਚਕ** : ਜਦੋਂ ਵਾਚਕ ਦੱਸ ਰਿਹਾ ਹੋ ਤਾਂ ਯਿਸ਼ੂ ਝੁਕ ਕੇ ਇਸ ਤਰ੍ਹਾਂ ਦਿਖਾਵੇ ਜਿਵੇਂ ਭਾਰੀ ਸਲੀਬ ਉਹਦੇ ਪਿੱਠ ਉੱਤੇ ਰੱਖੀ ਹੋ ਅਤੇ ਉਹ ਹੋਲੀ ਹੋਲੀ ਕਮਰੇ ਦੇ ਆਲੇ ਦੁਆਲੇ ਚੱਕਰ ਮਾਰੇ। ਜਦੋਂ ਵਾਚਕ ਖਤਮ ਕਰਦਾ ਹੈ, ਤਾਂ ਸਿਪਾਹੀ ਇਸ ਤਰ੍ਹਾਂ ਵਿਖਾਉਣ ਜਿਵੇਂ ਉਹ ਸਲੀਬ ਨੂੰ ਹੇਠਾਂ ਧਰਤੀ ਉੱਤੇ ਰੱਖ ਰਹੇ ਹਨ।

**ਵਾਚਕ ਆਖੇ,** ''ਸੁਣੋ ਸਿਪਾਹੀ ਕੀ ਆਖਦੇ ਹਨ।''

**ਸਿਪਾਹੀ**:– ਇਸ ਤਰ੍ਹਾਂ ਵਿਖਾਉਣ ਜਿਵੇਂ ਉਹ ਯਿਸ਼ੂ ਨੂੰ ਸਲੀਬ ਉੱਤੇ ਕਿੱਲਾਂ ਠੋਕ ਰਹੇ ਹਨ, ਫਿਰ ਕਹਿਣ ''ਆਉ ਅਸੀ ਇਹਦੇ ਕੱਪੜਿਆ ਲਈ ਗੋਟੀਆ ਸਿੱਟਿਏ।'' ਯੀਸ਼ੂ ਨੂੰ ਛੱਡ ਕੇ ਜਾਣ ਦਾ ਨਾਟਕ ਕਰਨ, ਸਲੀਬ ਉੱਤੇ ਕਿੱਲਾਂ ਠੋਕਣ, ਉਹਨੂੰ ਇੱਕ ਕੁਰਸੀ ਉੱਤੇ ਬਿਠਾ, ਅਤੇ ਉਹਦੀਆ ਬਾਹ ਪਿਛ ਕੇ ਰੱਖਣ,

**ਭੀੜ**: ''ਦੇਖੋ। ਉਹ ਨਿਸ਼ਾਨ ਜਿਹੜਾ ਕਹਿੰਦਾ ਹੈ, ਯਿਸ਼ੂ ਰਾਜਾ ਹੈ''

''ਹਾਂ ਹਾਂ! ਯਿਸ਼ੂ ਆਪਣੇ ਆਪ ਨੂੰ ਬਚਾ।''

**ਜਾਜਕ**: ''ਯਿਸ਼ੂ ਆਪਣੀ ਸ਼ਕਤੀ ਤਾਂ ਵਿਖਾ। ਸਲੀਬ ਉੱਤੋ ਹੇਠਾਂ ਆ ਜਾ।''

**ਯੀਸ਼ੂ**: ਜੋਰ ਨਾਲ ਰੋਏ, ''ਮੇਰੇ ਪਰਮੇਸ਼ਵਰ, ਤੂੰ ਮੈਨੂੰ ਕਿਉ ਕੱਲਾ ਛੱਡ ਦਿੱਤਾ ?''

**ਔਰਤ**: ਉਹ ਨਹੀ। ਯਿਸ਼ੂ ਮਰ ਗਿਆ।

**ਤੀਸਰਾ ਹਿੱਸਾ (ਮਰਕੁੱਸ 16:1–8)**

**ਵਾਚਕ**: ਕਹਾਣੀ ਦਾ ਤੀਜਾ ਹਿੱਸਾ ਦੱਸੇ (ਮਰਕੁੱਸ 16:1–8)

ਆਖੇ, ''ਸੁਣੋ ਯੂਸਫ ਕੀ ਕਹਿੰਦਾ ਹੈ''

**ਯੂਸਫ਼:–** ''ਪਿਲਾਤੁਸ! ਮੈਨੂੰ ਯਿਸ਼ੂ ਦੀ ਦੇਹ ਨੂੰ ਦਫਣਾ ਦੇ।'' (ਇੱਕ ਔਰਤ ਵੇਖੇ) ਯਿਸ਼ੂ ਨੂੰ ਸਲੀਬ ਉੱਤੋ ਹਟਾਂਦੇ ਹੋਏ, ਉਹ ਲਪੇਟੇ, ਅਤੇ ਉਹਨੂੰ ਇੱਕ ਕਬਰ ਵਿੱਚ ਰੱਖਣ (ਇੱਕ ਮੇਂ ਦੇ ਹੇਠਾ) ਇੱਕ ਪੱਥਰ ਲੈਣ (ਇੱਕ ਕੁਰਸੀ) ਅਤੇ ਇਹਨੂੰ ਉਹਦੇ ਅੱਗੇ ਰੱਖ ਦਿਉ।

**ਵਾਚਕ:–** ''ਤੇ ਤੀਸਰੇ ਦਿਨ ਮਹਾਨ ਚਮਤਕਾਰ ਹੋ ਗਿਆ'' ਪੱਥਰ ਹਟਾਉ, ਯਿਸ਼ੂ ਉੱਠ ਜਾਵੇ ਤੇ ਇੱਕ ਪਾਸੇ ਤੁਰੇ।

**ਔਰਤ:–** ਕਬਰ ਤੇ ਜਾਣ, ਇਤਰ ਦੀ ਬੋਤਲ ਲੈ ਕੇ, ਆਪਣੇ ਹੰਝੂਆਂ ਨੂੰ ਪੂੰਝ ਲੈਣ, ਆਖਣ, ਕੋਣ ਉਸ ਭਾਰੇ ਪੱਥਰ ਨੂੰ ਹਟਾਏ ਗਾ?'' ''ਦੇਖੋ। ਉਹ ਪੱਥਰ ਨਹੀ ਹੈ। ਦੇਖੋ। ਉਥੇ ਇੱਕ ਫਰਿਸ਼ਤਾ ਹੈ।''

**ਫਰਿਸ਼ਤਾ:** ਯਿਸ਼ੂ ਜਿਉਂਦਾਂ ਹੈ। ਜਾਉ ਅਤੇ ਉਹਦੇ ਚੇਲਿਆ ਨੂੰ ਦੱਸੋ।''

ਵਾਚਕ ਜਦੋਂ ਨਾਟਕ ਮੁੱਕ ਜਾਵੇ ਤਾਂ ਬੱਚਿਆਂ ਦਾ ਧੰਨਵਾਦ ਕਰੇ।

ਬੱਚੇ ਬਾਲਿਗਾ ਨੂੰ ਇਹ ਵੀ ਕਹਿ ਸਕਦੇ ਹਨ, ਯਿਸ਼ੂ ਨਾਲੇ ਸਾਡੇ ਵਾਸਤੇ ਕੀ ਕੀਤਾ, ਜਦੋਂ ਉਹ ਮਰਿਆ, ਅਤੇ ਜਦੋਂ ਉਹ ਜਿਉ ਉਠਿਆ, ਉੱਤਰ ਵਿੱਚ ਹੀ ਜ਼ਰੂਰ ਸ਼ਾਮਲ ਹੋਵੇ, ''ਲਹੂ ਸਾਡੇ ਪਾਪਾ ਨੂੰ ਢੱਕਦਾ ਹੈ ਅਤੇ ਉਹਦਾ ਪੁਨਰ ਜੀਵਨ ਉਨ੍ਹਾਂ ਨੂੰ ਜੀਵਨ ਦਿੰਦਾ ਹੈ, ਜਿਹੜੇ ਉਹਦੇ ਵਿੱਚ ਵਿਸ਼ਵਾਸ ਕਰਦੇ ਹਨ। ਕੁਝ ਬੱਚੇ ਯੀਸ਼ੂ ਦੀ ਤਸਵੀਰ ਉਹਦੀ ਸਲੀਬ ਉੱਤੇ ਬਨਾਣ, ਅਤੇ ਦੂਜੇ ਇਹ ਤਸਵੀਰ ਬਣਾਉਣ, ਯਿਸ਼ੂ ਕਬਰ ਵਿੱਚ ਜਿਉਂਦੇ ਬਾਹਰ ਆਉਂਦੇ ਹੋਏ। ਉਹ ਇਨ੍ਹਾਂ ਤਸਵੀਰਾਂ ਨੂੰ ਅਰਾਧਨਾ ਵੇਲੇ ਬਾਲਿਗਾ ਨੂੰ ਦਿਖਾ ਸਕਦੇ ਹਨ ਅਤੇ ਸਮਝਾਉ ਤੇ ਦਿਖਾਉ ਕਿ ਯਿਸ਼ੂ ਸਾਡੇ ਲਈ ਮਰਿਆ, ਅਤੇ ਤੀਜੇ ਦਿਨ ਜਿਉ ਉਠਿਆ ਤੇ ਸਾਨੂੰ ਜਿੰਦਗੀ ਦਿੱਤੀ।

ਯਾਦ ਕਰੋ 1 ਪਤਰਸ 1:3

ਕਵਿਤਾ: ਚਾਰ ਬੱਚੇ, ਹਰੇਕ ਬੱਚਾ ਇਨਾ ਆਇਤਾ ਵਿੱਚੋ ਇੱਕ ਇੱਕ ਦੁਹਰਾਏ, ਜਬੂਰਾ ਦੀ ਪੋਥੀ 21:1–4। ਤੁਸੀ ਅਤੇ ਵੱਡੇ ਬੱਚੇ ਵੀ ਆਪਣੇ ਆਪ ਯੀਸ਼ੂ ਦੇ ਪੁਨਰ ਜੀਵਨ ਬਾਰੇ ਕਵਿਤਾ ਲਿਖੇ।

**ਪ੍ਰਾਥਨਾ:–** ਪਿਆਰੇ ਯਿਸ਼ੂ, ਅੱਜ ਅਸੀ ਤੁਹਾਡੀ ਮੌਤ ਅਤੇ ਪੂਨਰ ਜੀਵਨ ਨੂੰ ਯਾਦ ਕਰਦੇ ਹਾਂ। ਤੁਹਾਡੀ ਮੌਤ ਦੁਆਰਾ ਹੀ ਸਾਨੂੰ ਆਪਣੇ ਪਾਪਾਂ ਤੋਂ ਮਾਫੀ ਮਿਲੀ ਹੈ। ਤੁਹਾਡੇ ਪੁਨਰ ਜੀਵਨ ਨੇ ਸਾਨੂੰ ਜੀਵਨ ਦਿੱਤਾ ਹੈ। ਅਸੀ ਤੁਹਾਡੀ ਉਸਤਤ ਕਰਦੇ ਹਾਂ।''

Copyright 2004 © by Paul-Timothy. May be freely copied. Download from www.Paul-Timothy.net